**WORKSAFEBC** | ਨਿਊਜ਼ ਰਿਲੀਜ਼

# ਕੰਮਾਂ `ਤੇ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਨੂੰ ਰੋਕਣਾ ਸਾਲ 2022 ਵਿਚ ਵਰਕਸੇਫ ਬੀ ਸੀ ਲਈ ਇਕ ਤਰਜੀਹ ਹੈ

*ਪਿਛਲੇ ਸਾਲ, ਵਰਕਸੇਫ ਬੀ ਸੀ ਨੇ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਦੀਆਂ 931 ਸ਼ਿਕਾਇਤਾਂ `ਤੇ ਕਾਰਵਾਈ ਕੀਤੀ*

**ਰਿਚਮੰਡ, ਬੀ.ਸੀ. (23 ਮਾਰਚ, 2022)** – ਪਿਛਲੇ ਸਾਲ ਬੀ.ਸੀ. ਵਿਚ ਵਰਕਸੇਫ ਬੀ ਸੀ ਨੂੰ ਕੰਮਾਂ `ਤੇ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ (ਬੁਲੀਇੰਗ ਐਂਡ ਹੈਰਾਸਮੈਂਟ) ਨਾਲ ਸੰਬੰਧਿਤ 3,400 ਨਾਲੋਂ ਜ਼ਿਆਦਾ ਇਨਕੁਆਰੀਆਂ ਮਿਲੀਆਂ ਅਤੇ ਵਰਕਸੇਫ ਬੀ ਸੀ ਵਲੋਂ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਦੀਆਂ 931 ਸ਼ਿਕਾਇਤਾਂ ਉੱਪਰ ਕਾਰਵਾਈ ਕੀਤੀ ਗਈ।

ਇਨ੍ਹਾਂ ਇਨਕੁਆਰੀਆਂ ਵਿੱਚੋਂ, 17 ਪ੍ਰਤੀਸ਼ਤ ਹੈਲਥ ਕੇਅਰ ਸੈਕਟਰ ਤੋਂ ਆਈਆਂ; 10 ਪ੍ਰਤੀਸ਼ਤ ਪ੍ਰਾਹੁਣਚਾਰੀ ਸੈਕਟਰ ਤੋਂ; 8 ਪ੍ਰਤੀਸ਼ਤ ਕਨਸਟਰੱਕਸ਼ਨ ਸੈਕਟਰ ਤੋਂ; ਅਤੇ 8 ਪ੍ਰਤੀਸ਼ਤ ਰਿਟੇਲ ਇੰਡਸਟਰੀ ਤੋਂ ਆਈਆਂ।

ਕੰਮਾਂ `ਤੇ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਦੇ ਕਈ ਰੂਪ ਹੋ ਸਕਦੇ ਹਨ। ਜਿਹੜੇ ਵਤੀਰੇ ਜਾਂ ਟਿੱਪਣੀਆਂ ਧੱਕੇਸ਼ਾਹੀ ਅਤੇ ਪਰੇਸ਼ਾਨ ਕਰਨਾ ਹੋ ਸਕਦੇ ਹਨ ਉਨ੍ਹਾਂ ਦੀਆਂ ਉਦਾਹਰਣਾਂ ਵਿਚ ਗਾਲੀ ਗਲੋਚ, ਨਿੱਜੀ ਹਮਲੇ, ਅਤੇ ਡਰਾਉਣ ਜਾਂ ਅਪਮਾਨ ਕਰਨ ਵਾਲੇ ਹੋਰ ਵਤੀਰੇ ਸ਼ਾਮਲ ਹਨ। ਭਾਵੇਂ ਕਿ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਦੀਆਂ ਘਟਨਾਵਾਂ ਵਰਕਰਾਂ ਵਿਚਕਾਰ ਅਤੇ ਵਰਕਰਾਂ ਅਤੇ ਮੈਨੇਜਮੈਂਟ ਵਿਚਕਾਰ ਵਾਪਰ ਸਕਦੀਆਂ ਹਨ, ਵਰਕਰਾਂ ਨਾਲ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣਾ ਗਾਹਕਾਂ, ਕਲਾਇੰਟਾਂ, ਅਤੇ ਪਬਲਿਕ ਦੇ ਹੋਰ ਮੈਂਬਰਾਂ ਵਲੋਂ ਵੀ ਹੋ ਸਕਦਾ ਹੈ।

ਵਰਕਸੇਫ ਬੀ ਸੀ ਦੇ ਪ੍ਰੀਵੈਨਸ਼ਨ ਸਰਵਿਸਿਜ਼ ਦੇ ਮੁਖੀ, ਅਲ ਜੌਹਨਸਨ ਦਾ ਕਹਿਣਾ ਹੈ, “ਕੰਮ `ਤੇ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣਾ ਕਿਸੇ ਵਰਕਰ ਦੀ ਮਾਨਸਿਕ ਸਿਹਤ ਅਤੇ ਸੇਫਟੀ ਉੱਪਰ ਵੱਡੇ ਅਸਰ ਪਾ ਸਕਦਾ ਹੈ – ਇਸ ਦਾ ਨਤੀਜਾ ਚਿੰਤਾ, ਡਿਪਰੈਸ਼ਨ, ਗੈਰਹਾਜ਼ਰੀ, ਅਤੇ ਘੱਟ ਉਤਪਾਦਨ ਵਿਚ ਨਿਕਲ ਸਕਦਾ ਹੈ। ਕਿਸੇ ਨਾਲ ਵੀ ਕੰਮ `ਤੇ ਧੱਕੇਸ਼ਾਹੀ ਨਹੀਂ ਹੋਣੀ ਚਾਹੀਦੀ ਅਤੇ ਕਿਸੇ ਨੂੰ ਵੀ ਪਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ।”

ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਦਾ ਮਾਨਸਿਕ ਅਸਰ ਧਿਆਨ ਉਖੇੜਨ ਅਤੇ ਗਲਤ ਫੈਸਲੇ ਲੈਣ ਦਾ ਕਾਰਨ ਵੀ ਬਣ ਸਕਦਾ ਹੈ, ਜਿਹੜਾ ਕੰਮ `ਤੇ ਹੋਰ ਸੱਟਾਂ ਦਾ ਖਤਰਾ ਵਧਾਉਂਦਾ ਹੈ।

ਆਪਣੇ 2022 ਦੇ ਉੱਦਮਾਂ ਦੇ ਹਿੱਸੇ ਵਜੋਂ, ਵਰਕਸੇਫ ਬੀ ਸੀ ਆਪਣੇ ਵਸੀਲੇ, ਕੰਮਾਂ `ਤੇ ਧੱਕੇਸ਼ਾਹੀ, ਪਰੇਸ਼ਾਨ ਕਰਨ, ਅਤੇ ਵਰਜਿਤ ਐਕਸ਼ਨਾਂ ਬਾਰੇ ਸਿੱਖਿਆ ਦੇਣ, ਸਲਾਹ-ਮਸ਼ਵਰਾ ਕਰਨ ਅਤੇ ਨਿਯਮਾਂ ਦੀ ਪਾਲਣ ਕਰਵਾਉਣ `ਤੇ ਕੇਂਦਰਿਤ ਕਰੇਗੀ। ਪਰੇਸ਼ਾਨ ਕੀਤੇ ਜਾਣ ਅਤੇ ਵਰਜਿਤ ਐਕਸ਼ਨਾਂ ਦਾ ਉੱਦਮ ਸਾਰੀਆਂ ਇੰਡਸਟਰੀਆਂ ਵੱਲ ਧਿਆਨ ਦੇਵੇਗਾ, ਪਰ ਇਨ੍ਹਾਂ ਇੰਡਸਟਰੀਆਂ `ਤੇ ਜ਼ਿਆਦਾ ਧਿਆਨ ਦਿੱਤਾ ਜਾਵੇਗਾ: ਛੋਟੇ ਬਿਜ਼ਨਸ, ਜਿਨ੍ਹਾਂ ਕੋਲ ਸੀਮਤ ਸ੍ਰੋਤ ਹੋ ਸਕਦੇ ਹਨ; ਨਾਜ਼ੁਕ ਇੰਡਸਟਰੀ ਸੈਕਟਰ (ਜਿਵੇਂ ਜਿੱਥੇ ਜਵਾਨ ਵਰਕਰ ਕੰਮ ਕਰਦੇ ਹਨ ਜਾਂ ਜਿੱਥੇ ਜੌਬ ਦੀ ਬਹੁਤ ਜ਼ਿਆਦਾ ਅਸੁਰੱਖਿਆ ਹੈ); ਅਤੇ ਵਰਕਸੇਫ ਬੀ ਸੀ ਨੂੰ ਵੱਡੀ ਗਿਣਤੀ ਵਿਚ ਦਰਜ ਕਰਵਾਈਆਂ ਗਈਆਂ ਸ਼ਿਕਾਇਤਾਂ ਵਾਲੀਆਂ ਇੰਡਸਟਰੀਆਂ।

ਇਸ ਉੱਦਮ ਦੇ ਹਿੱਸੇ ਵਜੋਂ, ਸਾਲ 2022 ਵਿਚ ਵਰਕਸੇਫ ਬੀ ਸੀ ਇਹ ਕਰਨ `ਤੇ ਧਿਆਨ ਦੇਵੇਗਾ:

- ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਤੋਂ ਰੋਕਥਾਮ ਕਰਨ ਅਤੇ ਇਸ ਨੂੰ ਘੱਟ ਤੋਂ ਘੱਟ ਕਰਨ ਲਈ ਇਮਪਲੌਏਅਰ ਵਲੋਂ ਪਾਲਣਾ ਕੀਤੇ ਜਾਣ ਨੂੰ ਉਤਸ਼ਾਹ ਦੇਣਾ, ਜਿਸ ਵਿਚ ਇਮਪਲੌਏਅਰਜ਼ ਦੀਆਂ ਅਸਰਦਾਰ ਪੌਲਸੀਆਂ, ਤਰੀਕੇ, ਅਤੇ ਟਰੇਨਿੰਗ ਲਾਗੂ ਹੋਣਾ ਸ਼ਾਮਲ ਹਨ।
- ਵਰਜਿਤ ਐਕਸ਼ਨ ਦੀਆਂ ਸ਼ਿਕਾਇਤਾਂ `ਤੇ ਫੌਰਨ ਕਾਰਵਾਈ ਕਰਨਾ, ਜਿੱਥੇ ਇਮਪਲੌਏਅਰ ਕਿਸੇ ਵਰਕਰ ਨੂੰ ਕੰਮ `ਤੇ ਸਿਹਤ ਅਤੇ ਸੇਫਟੀ ਦੇ ਮਸਲੇ ਨੂੰ ਉਠਾਉਣ ਲਈ ਸਜ਼ਾ ਦਿੰਦਾ ਹੈ।
- ਇਹ ਪੱਕਾ ਕਰਨਾ ਕਿ ਕੰਮ `ਤੇ ਪਰੇਸ਼ਾਨ ਕੀਤੇ ਜਾਣ ਦੇ ਸੰਬੰਧ ਵਿਚ ਇਮਪਲੌਏਅਰ ਦੀ ਕਾਰਵਾਈ ਵਾਜਬ ਅਤੇ ਨਿਰਪੱਖ ਹੈ (ਜਿਸ ਵਿਚ ਪੜਤਾਲ ਕਰਨਾ ਅਤੇ ਰੋਕਥਾਮ ਅਤੇ ਸੁਧਾਰ ਕਰਨ ਦੇ ਉਪਾ ਲਾਗੂ ਕਰਨਾ ਸ਼ਾਮਲ ਹੈ।)
- ਪਰੇਸ਼ਾਨ ਕੀਤੇ ਜਾਣ `ਤੇ ਕਾਰਵਾਈ ਕਰਨ ਦੇ ਅਢੁਕਵੇਂ ਤਰੀਕਿਆਂ ਜਾਂ ਇਮਪਲੌਏਅਰਜ਼ ਵਲੋਂ ਪਰੇਸ਼ਾਨ ਕੀਤੇ ਜਾਣ ਦੇ ਸੰਬੰਧ ਵਿਚ ਅਢੁਕਵੀਆਂ ਕਾਰਵਾਈਆਂ ਦੀਆਂ ਸ਼ਿਕਾਇਤਾਂ ਨਾਲ ਨਿਪਟਣਾ।
- ਪ੍ਰਾਹੁਣਚਾਰੀ, ਰਿਟੇਲ, ਅਤੇ ਛੋਟੇ ਕਾਰੋਬਾਰਾਂ ਦੇ ਸੈਕਟਰਾ ਵਿਚਲੇ ਇਮਪਲੌਏਅਰਜ਼ ਨੂੰ ਨਿਸ਼ਾਨਾ ਬਣਾ ਕੇ ਪਹੁੰਚ ਕਰਨਾ ਅਤੇ ਇੰਸਪੈਕਸ਼ਨਾਂ ਕਰਨਾ। ਇਸ ਦੇ ਇਲਾਵਾ, ਵਰਕਸੇਫ ਬੀ ਸੀ, ਹੈਲਥ ਕੇਅਰ, ਕਨਸਟਰੱਕਸ਼ਨ, ਅਤੇ ਖੇਤੀਬਾੜੀ ਸੈਕਟਰ ਵਿਚ ਪਰੇਸ਼ਾਨ ਕੀਤੇ ਜਾਣ ਤੋਂ ਰੋਕਥਾਮ ਬਾਰੇ ਦੇਖੇਗੀ।

ਜੌਹਨਸਨ ਦਾ ਕਹਿਣਾ ਹੈ, "ਸਾਡੇ ਉੱਦਮ ਦਾ ਟੀਚਾ ਸਿੱਧਾ ਹੈ – ਅਸੀਂ ਇਹ ਪੱਕਾ ਕਰਨਾ ਚਾਹੁੰਦੇ ਹਾਂ ਕਿ ਇਮਪਲੌਏਅਰ ਵਰਕਰਾਂ ਨੂੰ ਕੰਮ ਦੀ ਥਾਂ ਵਿਚ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਅਤੇ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਤੋਂ ਮੁਕਤ ਰੱਖਣ ਦੀਆਂ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ। ਸਾਡਾ ਧਿਆਨ ਇਮਪਲੌਏਅਰਜ਼ ਅਤੇ ਵਰਕਰਾਂ ਨੂੰ ਇਹ ਜਾਣਕਾਰੀ ਦੇਣ ਵੱਲ ਵੀ ਹੈ ਕਿ ਕੰਮ `ਤੇ ਪਰੇਸ਼ਾਨ ਕੀਤੇ ਜਾਣ ਨਾਲ ਸਹੀ ਤਰ੍ਹਾਂ ਕਿਵੇਂ ਨਿਪਟਣਾ ਹੈ।"

ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਦੇ ਸੰਬੰਧ ਵਿਚ ਵਰਕਸੇਫ ਬੀ ਸੀ ਦਾ ਰੋਲ ਇਹ ਪੱਕਾ ਕਰਨਾ ਹੈ ਕਿ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਦਾ ਹੱਲ ਕਰਨ ਲਈ ਇਮਪਲੌਏਅਰਜ਼ ਕੋਲ ਸਹੀ ਨੀਤੀਆਂ, ਤਰੀਕੇ, ਅਤੇ ਟਰੇਨਿੰਗ ਹੋਵੇ ਅਤੇ ਇਹ ਕਿ ਸ਼ਿਕਾਇਤਾਂ ਦੀ ਪੜਤਾਲ ਹੋਵੇ ਅਤੇ ਉਨ੍ਹਾਂ ਦੇ ਹੱਲ ਲੱਭੇ ਜਾਣ।
ਵਰਕਸੇਫ ਬੀ ਸੀ ਦੇ ਸਾਰੇ ਪ੍ਰੀਵੈਨਸ਼ਨ ਅਫਸਰਾਂ ਨੂੰ ਕੰਮ ਦੀ ਥਾਂ ਵਿਚ ਧੱਕੇਸ਼ਾਹੀ ਅਤੇ ਪਰੇਸ਼ਾਨ ਕੀਤੇ ਜਾਣ ਦੇ ਮਸਲਿਆਂ ਬਾਰੇ ਆਮ ਟਰੇਨਿੰਗ ਮਿਲਦੀ ਹੈ। ਇਸ ਦੇ ਇਲਾਵਾ, ਵਰਕਸੇਫ ਬੀ ਸੀ ਕੋਲ ਪ੍ਰੀਵੈਨਸ਼ਨ ਅਫਸਰਾਂ ਦੀ ਸਮਰਪਿਤ ਟੀਮ ਹੈ ਜਿਨ੍ਹਾਂ ਕੋਲ ਇਸ ਵਿਸ਼ੇ `ਤੇ ਖਾਸ ਟਰੇਨਿੰਗ ਹੈ।

-30-

**ਹੋਰ ਜਾਣਕਾਰੀ ਲਈ:**

- Media Backgrounder: Bullying and Harassment
- Bullying, Harassment and Prohibited Action Initiative
- Psychological Health and Safety Initiative
- Workplace Bullying and Harassment FAQs
- Prohibited action complaints - Workers

**ਵਰਕਸੇਫ ਬੀ ਸੀ ਬਾਰੇ**

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ 'ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ ਤਕਰੀਬਨ 2.3 ਮਿਲੀਅਨ ਵਰਕਰਾਂ ਅਤੇ 255,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ

ਈਮੇਲ: media@worksafebc.com

ਟੈਲੀਫੋਨ: 604-276-5157